# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸਪੀਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਸਮੂਹ ਐਫੀਲੀਏਟਿਡ ਸੰਸਥਾਵਾਂ,
ਪੰਜਾਬ।

ਨੰਬਰ: ਪਸਸਬ-ਐਫੀ:2015/ 573 ਮਿਤੀ: 13/03/2015

ਵਿਸ਼ਾ; **ਸਕੂਲ ਵਿੱਚ ਫਾਇਰ ਸੇਫਟੀ ਅਤੇ ਫਸਟ ਏਡ ਕਿੱਟ ਹੋਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਮਿਤੀ: 04-02-2015 ਨੂੰ ਡੀ.ਜੀ.ਐਸ.ਈ. ਸਾਹਿਬ ਨਾਲ ਉਹਨਾਂ ਦੇ ਦਫਤਰ ਵਿਖੇ ਮੀਟਿੰਗ ਹੋਈ। ਜਿਸ ਵਿੱਚ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ:-

1. ਹਰ ਇੱਕ ਸਕੂਲ ਵਿੱਚ ਫਸਟ ਏਡ ਕਿੱਟ ਹੋਣੀ ਚਾਹੀਦੀ ਹੈ, ਜਿਸ ਵਿੱਚ ਸਿਹਤ ਵਿਭਾਗ ਵੱਲੋਂ ਨਿਰਧਾਰਤ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਹੋਣਾ ਚਾਹੀਦਾ ਹੈ। ਸਕੂਲ ਵਿੱਚ ਇੱਕ ਟੀਚਰ ਫਸਟ ਏਡ ਦੇਣ ਲਈ ਟ੍ਰੇਂਡ ਹੋਣਾ ਚਾਹੀਦਾ ਹੈ।
2. ਸਕੂਲ ਦੇ ਸੂਚਨਾ ਬੋਰਡ ਉੱਤੇ ਨੇੜੇ ਦੀ ਪੀ.ਐਚ.ਸੀ., ਸੀ.ਐਚ.ਸੀ., ਫਾਇਰ, ਪੁਲਿਸ ਅਤੇ ਐਂਬੂਲੈਂਸ ਦਾ ਨੰਬਰ ਲਿਖਿਆ ਹੋਣਾ ਚਾਹੀਦਾ ਹੈ।
3. ਹਰ ਸਕੂਲ ਵਿੱਚ ਪ੍ਰੇਅਰ ਦੇ ਸਮੇਂ ਬੱਚਿਆਂ ਨੂੰ ਫਾਇਰ ਸੇਫਟੀ ਸਬੰਧੀ ਜਾਗਰੂਕ ਕੀਤਾ ਜਾਵੇ। ਸਕੂਲ ਵਿੱਚ ਫਾਇਰ ਸੇਫਟੀ ਸਬੰਧੀ ਹਰ ਕਾਰਵਾਈ ਮੁਕੰਮਲ ਕਰਵਾਈ ਜਾਵੇ।

ਸਾਰੀਆਂ ਪ੍ਰਾਈਵੇਟ ਐਫੀਲੀਏਟਿਡ ਸੰਸਥਾਵਾਂ ਉਕਤ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ। ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ) 13/3/15
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।